



## ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ

ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ ਵਲੋਂ ਲੋਕਾਂ ਨੂੰ ਹੇਠ ਲਿਖੇ ਅਨੁਸਾਰ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ:-

1. **ਸੋਲਰ ਲਾਲਟੈਨ**

ਧੁੱਪ ਨਾਲ ਚਾਰਜ ਹੋਣ ਵਾਲੀ ਐਮਰਜੈਂਸੀ ਲਾਈਟ 4 ਤੋਂ 6 ਘੰਟੇ ਚਲਦੀ ਹੈ। ਕੁਲ ਕੀਮਤ ਤਕਰੀਬਨ 3000/-

2. **ਸੋਲਰ ਘਰੇਲੂ ਦੋ ਲਾਈਟਾਂ ਵਾਲਾ ਸਿਸਟਮ**

ਇਸ ਵਿਚ ਇਕ ਸੋਲਰ ਪੈਨਲ, ਬੈਟਰੀ, ਚਾਰਜ ਕੰਟਰੋਲਰ, ਦੋ ਲਾਈਟਾਂ ਹਨ। 4 ਤੋਂ 6 ਘੰਟੇ ਚਲਦੀਆਂ ਹਨ। ਕੁਲ ਕੀਮਤ ਤਕਰੀਬਨ 11000/- ਰੁਪਏ ਅਤੇ ਸਬਸਿਡੀ ਤੋਂ ਬਾਅਦ ਤਕਰੀਬਨ 6000/- ਰੁਪਏ ਹੈ।

3. **ਸੋਲਰ ਪੱਖਾ ਅਤੇ ਲਾਈਟ ਸਿਸਟਮ**

ਇਕ ਲਾਈਟ ਅਤੇ ਇਕ ਬਾਰਾਂ ਇੰਚੀ (20 ਵਾਟ) ਦਾ ਡੀਸੀ ਪੱਖਾ 4 ਘੰਟੇ ਚਲਦਾ ਹੈ। ਇਸ ਨਾਲ 12 ਵੋਲਟ 40 ਏਐਚ ਦੀ ਬੈਟਰੀ, ਸੋਲਰ ਪੈਨਲ, ਚਾਰਜ ਕੰਟਰੋਲਰ, ਇਕ ਲਾਈਟ ਅਤੇ ਇਕ ਪੱਖਾ ਹੈ। ਕੁਲ ਕੀਮਤ ਤਕਰੀਬਨ 11500/- ਰੁਪਏ ਅਤੇ ਸਬਸਿਡੀ ਤੋਂ ਬਾਅਦ 6150/- ਰੁਪਏ ਹੈ।

4. **ਸੋਲਰ ਸਟਰੀਟ ਲਾਈਟ**

ਸੂਰਜ ਛਿਪਣ ਤੋਂ ਚੜ੍ਹਨ ਤੱਕ ਆਪਣੇ ਆਪ ਚਲਦੀ ਹੈ। ਕੁਲ ਕੀਮਤ 23000/- ਰੁਪਏ ਅਤੇ ਸਬਸਿਡੀ ਤੋਂ ਬਾਅਦ ਤਕਰੀਬਨ 13000/- ਰੁਪਏ ਹੈ। ਇਹ ਸਬਸਿਡੀ ਘੱਟੋ ਘੱਟ 5 ਲਾਈਟਾਂ ਦੇ ਸੈਟ ਤੇ ਹੈ ਜੋ ਸਮੂਹਿਕ ਵਰਤੋਂ ਲਈ ਹੋਣੀਆਂ ਚਾਹੀਦੀਆਂ ਹਨ।

5. **ਸੋਲਰ ਵਾਟਰ ਪੰਪ**

2 ਤੋਂ 3 ਇੰਚ ਪਾਣੀ ਦੇਣ ਵਾਲੀ 2 ਹਾਰਸ ਪਾਵਰ ਦੀ ਡੀ.ਸੀ. ਮੋਟਰ 1800 ਵਾਟ ਸੋਲਰ ਪੈਨਲਾਂ ਨਾਲ ਦਿਨ ਵੇਲੇ ਚਲਦੀ ਹੈ। ਕੁਲ ਕੀਮਤ ਤਕਰੀਬਨ 3,05,000/- ਰੁਪਏ ਹੈ ਅਤੇ ਸਬਸਿਡੀ ਤੋਂ ਬਾਅਦ ਤਕਰੀਬਨ 35000/- ਰੁਪਏ ਹੋਵੇਗੀ। ਇਹ ਰੋਜ਼ਾਨਾ 1,20,000/- ਤੋਂ 1,40,000/- ਲਿਟਰ ਪਾਣੀ ਕੱਢਦੀ ਹੈ। ਇਹ ਮੋਟਰ 35 ਤੋਂ 40 ਫੁੱਟ ਪਾਣੀ ਦੇ ਲੈਵਲ ਤੱਕ ਵਧੀਆ ਕੰਮ ਕਰਦੀ ਹੈ।

6. **ਸੋਲਰ ਕੁੱਕਰ**

ਧੁੱਧ ਨਾਲ 4 ਸਬਜ਼ੀਆਂ 2 ਤੋਂ 4 ਘੰਟੇ ਵਿਚ ਤਿਆਰ ਹੋ ਜਾਂਦੀਆਂ ਹਨ। ਇਸ ਦੀ ਕੀਮਤ ਤਕਰੀਬਨ 1250/- ਰੁਪਏ ਹੈ।

7. **ਸੋਲਰ ਇਨਵਰਟਰ**

ਇਸ ਵਿਚ 150 ਵਾਟ ਦੇ ਸੋਲਰ ਪੈਨਲ, 130 ਐਮਪੀਅਰ ਪਾਵਰ ਦੀ ਬੈਟਰੀ ਅਤੇ 500 ਵੀ ਏ ਦਾ ਇਨਵਰਟਰ ਹੈ ਜਿਸ ਨਾਲ ਘਰ ਵਿਚ ਲੱਗੇ 2 ਪੱਖੇ ਅਤੇ 2 ਟਿਊਬਾਂ ਪੰਜ ਤੋਂ ਛੇ ਘੰਟੇ ਤੱਕ ਚਲਾਈਆਂ ਜਾ ਸਕਦੀਆਂ ਹਨ। ਇਸ ਦੀ ਕੁਲ ਕੀਮਤ ਤਕਰੀਬਨ 40000/- ਰੁਪਏ ਹੈ।

8. **ਡਿਸ਼ ਟਾਈਪ ਸੋਲਰ ਕੁੱਕਰ**

ਇਹ ਇਕ ਦਿਨ ਵਿਚ ਕੋਈ 15-20 ਬੰਦਿਆਂ ਦਾ ਖਾਣਾ ਬਣਾ ਸਕਦਾ ਹੈ। ਇਸ ਦੀ ਕੁਲ ਕੀਮਤ

5500/- ਰੁਪਏ ਹੈ।ਸਬਸਿਡੀ ਤੋਂ ਬਾਅਦ ਇਸ ਦੀ ਕੀਮਤ ਤਕਰੀਬਨ 3000/- ਰੁਪਏ ਹੈ।

**9. ਸੋਲਰ ਵਾਟਰ ਹੀਟਰ (ਸੋਲਰ ਗੀਜ਼ਰ)**

100 ਲਿਟਰ ਤੋਂ ਉਪਰ ਦੀ ਕਪੈਸਟੀ ਦੇ ਸੋਲਰ ਗੀਜ਼ਰ ਪਾਣੀ ਗਰਮ ਕਰਨ ਲਈ ਉਪਲੱਬਧ ਹਨ।ਪਾਣੀ 60 ਤੋਂ 80 ਸੈਂਟੀਗਰੇਡ ਤੱਕ ਗਰਮ ਹੋ ਜਾਂਦਾ ਹੈ।ਇਸ ਦੀ ਕੀਮਤ 140/- ਰੁਪਏ ਤੋਂ 180/- ਰੁਪਏ ਪ੍ਰਤੀ ਲਿਟਰ ਕਪੈਸਟੀ ਅਨੁਸਾਰ ਹੈ।

**10. ਫ਼ੈਮਿਲੀ ਸਾਈਜ਼ ਬਾਇਓਗੈਸ ਪਲਾਂਟ**

ਇਸ ਉੱਤੇ ਸਰਕਾਰ ਵਲੋਂ 1800/- ਰੁਪਏ ਅਤੇ ਐਸ.ਸੀ. ਤੇ ਛੋਟੇ ਕਿਸਾਨਾਂ ਲਈ 2300/- ਰੁਪਏ ਸਬਸਿਡੀ ਹੈ। ਗੋਬਰ ਤੋਂ ਗੈਸ ਬਣਦੀ ਹੈ ਅਤੇ ਇਸ ਦੁਆਰਾ ਬਣੀ ਖਾਦ ਬਹੁਤ ਤਾਕਤਵਰ ਹੁੰਦੀ ਹੈ। ਸਵੈ-ਰੋਜ਼ਗਾਰ ਵਰਕਰ ਨੂੰ 700/- ਰੁਪਏ ਪ੍ਰਤੀ ਪਲਾਂਟ ਸੁਪਰਵਿਜ਼ਨ ਅਤੇ ਗਰੰਟੀ ਦੇਣ ਵਜੋਂ ਦਿੱਤੇ ਜਾਂਦੇ ਹਨ।

ਉਪਰ ਲਿਖੀਆਂ ਕੀਮਤਾਂ ਵਿਚ ਸੇਲ ਟੈਕਸ ਅਲੱਗ ਹੋਵੇਗਾ।